# ਨੇਪਾਲ ਦੀ ਵਿਦੇਸ਼ ਸਕੱਤਰ, ਸ਼੍ਰੀਮਤੀ ਸੇਵਾ ਲਮਸਾਲ ਦਾ ਭਾਰਤ ਨੂੰ ਦੌਰਾ (27 ਫ਼ਰਵਰੀ-01 ਮਾਰਚ 2024)

ਫ਼ਰਵਰੀ 28, 2024

ਵਿਦੇਸ਼ ਸਕੱਤਰ ਸ਼੍ਰੀ ਵਿਨੈ ਕਵਾਤਰਾ ਨੇ ਨੇਪਾਲ ਦੇ ਵਿਦੇਸ਼ ਸਕੱਤਰ, ਮਹਾਮਹਿਮ ਸ਼੍ਰੀਮਤੀ ਸੇਵਾ ਲਮਸਾਲ ਨਾਲ ਅੱਜ ਨਵੀਂ ਦਿੱਲੀ ਵਿਖੇ ਇੱਕ ਦੁਵੱਲੀ ਬੈਠਕ ਕੀਤੀ। ਵਿਦੇਸ਼ ਸਕੱਤਰ ਲਮਸਾਲ, 29 ਫਰਵਰੀ 2024 ਨੂੰ ਪੁਣੇ ਵਿੱਚ, ਵਿਦੇਸ਼ ਮੰਤਰਾਲੇ ਅਤੇ ਪੁਣੇ ਇੰਟਰਨੈਸ਼ਨਲ ਸੈਂਟਰ ਦੁਆਰਾ ਸਾਂਝੇ ਤੌਰ 'ਤੇ ਬੁਲਾਏ ਜਾ ਰਹੇ, 8ਵੇਂ ਏਸ਼ੀਆ ਆਰਥਿਕ ਸੰਵਾਦ 2024 ਵਿੱਚ ਹਿੱਸਾ ਲੈਣ ਵਾਸਤੇ ਭਾਰਤ ਦੇ ਦੌਰੇ 'ਤੇ ਹਨ। ਅਹੁਦਾ ਸੰਭਾਲਣ ਤੋਂ ਬਾਅਦ ਵਿਦੇਸ਼ ਸਕੱਤਰ ਲਮਸਾਲ ਦਾ ਇਹ ਭਾਰਤ ਨੂੰ ਪਹਿਲਾ ਦੌਰਾ ਹੈ।

2. ਬੈਠਕ ਦੇ ਦੌਰਾਨ, ਦੋਵੇਂ ਵਿਦੇਸ਼ ਸਕੱਤਰਾਂ ਨੇ ਭਾਰਤ ਅਤੇ ਨੇਪਾਲ ਵਿਚਕਾਰ ਬਹੁਪੱਖੀ ਸਹਿਯੋਗ ਦੀ ਸਮੁੱਚੀ ਸ਼੍ਰੇਣੀ 'ਤੇ ਚਰਚਾ ਕੀਤੀ ਅਤੇ 7ਵੀਂ ਭਾਰਤ-ਨੇਪਾਲ ਸੰਯੁਕਤ ਕਮਿਸ਼ਨ ਦੀ ਮੀਟਿੰਗ ਦੀ ਵੀ ਪੈਰਵੀ ਕੀਤੀ, ਜਿਸ ਦੀ ਸਹਿ-ਪ੍ਰਧਾਨਗੀ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਅਤੇ ਨੇਪਾਲ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਐਨ.ਪੀ. ਸਊਦ ਦੁਆਰਾ ਪਿਛਲੇ ਮਹੀਨੇ ਕਾਠਮੰਡੂ ਵਿੱਚ ਕੀਤੀ ਗਈ ਸੀ।

3. ਇਹ ਦੌਰਾ ਦੋਵੇਂ ਮੁਲਕਾਂ ਵਿਚਕਾਰ ਨਿਯਮਤ ਉੱਚ-ਪੱਧਰੀ ਆਦਾਨ-ਪ੍ਰਦਾਨ ਦੀ ਪਰੰਪਰਾ ਅਤੇ ਭਾਰਤ ਦੀ 'ਗੁਆਂਢੀ ਪਹਿਲਾਂ' ਦੀ ਨੀਤੀ ਦੇ ਤਹਿਤ ਨੇਪਾਲ ਨਾਲ ਇਸਦੇ ਸਬੰਧਾਂ ਨਾਲ ਜੁੜੀ ਤਰਜੀਹ ਨੂੰ ਧਿਆਨ ਵਿਚ ਰੱਖਦੇ ਹੋਏ ਹੈ ਅਤੇ ਇਹ ਦੌਰਾ ਸਾਡੇ ਦੁਵੱਲੇ ਸਬੰਧਾਂ ਨੂੰ ਹੋਰ ਅੱਗੇ ਵਧਾਉਣ ਦਾ ਮੌਕਾ ਪ੍ਰਦਾਨ ਕਰਦਾ ਹੈ।

**ਨਵੀਂ ਦਿੱਲੀ**
**ਫ਼ਰਵਰੀ 28, 2024**